# ਸਤਿਗੁਰੁ ਸੇਵ ਦੇਖਹੁ ਪ੍ਰਭੁ ਨੈਨੀ

**ਆਸਾ ਮਹਲਾ ੧ ਇਕਤੁਕੀ ॥**

**ਗੁਰੁ ਸੇਵੇ ਸੋ ਠਾਕੁਰ ਜਾਨੈ॥**
**ਦੂਖੁ ਮਿਟੈ ਸਚੁ ਸਬਦਿ ਪਛਾਨੈ॥੧॥**

ਇਹ ਸ਼ਬਦ, ਸ੍ਰੀ ਗੁਰੂ ਨਾਨਕ ਦੇਵ ਸਾਹਿਬ ਦਾ, ਆਸਾ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ, ਜੋ ਅੰਕ ੪੧੬ ਤੇ ਸੁਭਾਇਮਾਨ ਹੈ।

- - ਸ੍ਰੀ ਗੁਰੂ ਨਾਨਕ ਸਾਹਿਬ ਆਸਾ ਰਾਗ ਵਿਚ ਫ਼ੁਰਮਾਣ ਕਰਦੇ ਹਨ ਕਿ ਜੋ ਮਨੁਖ ਸਚੇ ਮਨ ਨਾਲ ਗੁਰੂ ਦਾ ਸਿਮਰਨ ਅਤੇ ਹਥੀਂ ਸੇਵਾ ਕਰਦਾ ਹੈ ਉਹ ਪਰਮਾਤਮਾ ਨੂੰ ਜਾਣ ਲੈਂਦਾ ਹੈ, ਭਾਵ, ਪਛਾਣ ਲੈਂਦਾ ਹੈ। ਚੇਤੇ ਰਹੇ, ਗੁਰਬਾਣੀ ਵਿਚ ਸੇਵਾ, ਸਿਮਰਣ ਅਤੇ ਹਥੀਂ ਸੇਵਾ, ਦੋਨਾਂ ਦਾ ਸੁਮੇਲ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਸਿਮਰਨ ਹੀ ਗੁਰੂ ਦੀ ਸੇਵਾ ਹੈ ਜਿਸ ਨਾਲ ਹਉਮੈ ਨੂੰ ਮਾਰਿਆ ਜਾ ਸਕਦਾ ਹੈ ਤੇ ਕਰਣੀ ਸ਼ੁਧ ਹੁੰਦੀ ਹੈ - 'ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥', ਪੰਨਾ ੨੨੩. ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਪ੍ਰਭੂ ਦਾ ਭਗਤ ਹਰੀ ਪ੍ਰਭੂ ਦਾ ਨਾਮ ਜਪਣ ਰੂਪੀ ਸੇਵਾ ਵਿਚ ਰੰਗਿਆ ਰਹਿੰਦਾ ਹੈ ਇਸ ਤਰ੍ਹਾਂ ਉਹ ਆਪਣੇ ਇਸ਼ਟ ਪ੍ਰਭੂ ਦੀ 'ਹਰਿ ਹਰਿ' **ਵਾਹਗੁਰੂ ਵਾਹਗੁਰੂ..** ਜਪਣ ਰੂਪੀ ਪੂਜਾ ਕਰਦਾ ਹੈ - 'ਜਨੁ ਰਾਤਾ ਹਰਿ ਨਾਮ ਕੀ ਸੇਵਾ॥ ਨਾਨਕ ਪੂਜੈ ਹਰਿ ਹਰਿ ਦੇਵਾ॥', ਪੰਨਾ ੨੬੫. ਹੋਰ ਫ਼ੁਰਮਾਣ ਕਰਦੇ ਹਨ ਕਿ ਹਰੀ ਪ੍ਰਭੂ ਦੀ ਸੇਵਾ ਆਪਣੇ ਮੁਖ ਤੋਂ ਵਾਹਗੁਰੂ ਦੇ ਅੰਮ੍ਰਿਤਮਈ ਨਾਮ ਨੂੰ ਉਚਾਰਣ ਕਰਨਾ ਹੈ - 'ਹਰਿ ਸੇਵਾ ਮੁਖਿ ਅੰਮ੍ਰਿਤ ਨਾਮੁ॥', ਪੰਨਾ ੩੭੫.

ਭਗਤ ਕਬੀਰ ਜੀ ਦੇ ਬਚਨ ਹਨ ਕਿ ਉਹ ਫ਼ੁਲ ਪਤੇ ਤੋੜ ਕੇ ਇਸ਼ਟ ਦੀ ਪੂਜਾ ਨਹੀਂ ਕਰਦੇ ਕਿਉਂਕਿ ਰਾਮ ਪ੍ਰਭੂ ਦੀ ਭਗਤੀ, ਸਿਮਰਨ ਤੋਂ ਬਿਨਾਂ ਇਸ਼ਟ ਦੇਵ ਦੀ ਹੋਰ ਕੋਈ ਪੂਜਾ ਮਨ ਬਾਂਛਤ ਫ਼ਲ ਨਹੀਂ ਦੇ ਸਕਦੀ। ਮੈਂ ਤਾਂ ਸਚੇ ਗੁਰੂ ਦੀ ਅਰਾਧਨਾ ਕਰਦਾ ਹਾਂ ਅਤੇ ਇਸੇ ਸੇਵਾ ਨਾਲ ਪ੍ਰਭੂ ਦੀ ਦਰਗਾਹ ਅੰਦਰ ਸੁਖ ਦੀ ਪ੍ਰਾਪਤੀ ਕਰਦਾ ਹਾਂ - 'ਤੋਰਉ ਨ ਪਾਤੀ ਪੂਜਉ ਨ ਦੇਵਾ॥ ਰਾਮ ਭਗਤਿ ਬਿਨੁ ਨਿਹਫਲ ਸੇਵਾ॥..ਸਤਿਗੁਰੁ ਪੂਜਉ ਸਦਾ ਸਦਾ ਮਨਾਵਉ॥ ਐਸੀ ਸੇਵ ਦਰਗਹ ਸੁਖ ਪਾਵਉ॥', ਪੰਨਾ ੧੧੫੮. ਨਾਮ ਜਪਣਾ, ਸਿਮਰਨ ਕਰਨਾ ਹੀ ਪ੍ਰਭੂ/ਗੁਰੂ ਦੀ ਸੇਵਾ/ਪੂਜਾ ਹੈ - 'ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ॥', ਪੰਨਾ ੪੮੯. ਸੇਵਾ, ਭਾਵੇਂ, ਸਿਮਰਣ ਰੂਪ ਵਿਚ ਹੋਵੇ ਜਾਂ ਹਥੀਂ ਹੋਵੇ, ਪਰ ਪਰਵਾਨ ਉਹੀ ਚੜ੍ਹਦੀ ਹੈ ਜੋ ਗੁਰੂ ਨੂੰ ਭਾਉਂਦੀ ਹੋਵੇ, ਜਿਸ ਤੇ ਗੁਰੂ ਦਾ ਮਨ ਮੰਨੇ, ਜਿਵੇਂ ਸ੍ਰੀ ਗੁਰੂ ਅਮਰਦਾਸ ਸਾਹਿਬ ਦਾ, ਪੰਨਾ ੩੧੪ ਤੇ ਫ਼ੁਰਮਾਣ ਹੈ - 'ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥ ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥'

- - ਇਸ ਤਰ੍ਹਾਂ ਗੁਰੂ ਦੀ ਕਿਰਪਾ ਸਦਕਾ ਵਾਹਿਗੁਰੂ ਦੇ ਸਚੇ ਹੁਕਮ ਨੂੰ ਪਛਾਣ ਕੇ ਮਨੁਖ ਦਾ ਆਵਾਗਮਨ ਦਾ ਦੁਖ ਮਿਟ ਜਾਂਦਾ ਹੈ।੧।

ਸ੍ਰੀ ਗੁਰੂ ਨਾਨਕ ਸਾਹਿਬ ਦਾ, ੮੩੨ ਪੰਨੇ ਤੇ ਫ਼ੁਰਮਾਣ ਹੈ ਕਿ ਹੁਕਮ ਪਛਾਣ ਕੇ, ਵਾਹਗੁਰੂ ਦੀ ਰਜ਼ਾ ਵਿਚ ਚਲ ਕੇ ਜਨਮ ਮਰਣ ਖ਼ਤਮ ਹੋ ਜਾਂਦਾ ਹੈ ਅਤੇ ਮਨੁਖ, ਸਚੇ ਘਰ ਵਿਚ ਸਮਾਅ ਜਾਂਦਾ ਹੈ - 'ਰਹੈ ਰਜਾਈ ਹੁਕਮੁ ਪਛਾਣੈ॥ ਹੁਕਮੁ ਪਛਾਣਿ ਸਚੈ ਦਰਿ ਵਾਸੁ॥ ਕਾਲ

ਬਿਕਾਲ ਸਬਦਿ ਭਏ ਨਾਸ॥' ਪੰਚਮ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਨਾਮ ਅਉਖਧ (ਦਵਾਈ) ਜਿਉਂ ਜਿਉਂ ਅਸੀਂ ਲਾਉਂਦੇ ਜਾਂਦੇ ਹਾਂ, ਸਾਡੇ ਦੁਖ ਦਰਦ ਮਿਟਦੇ ਜਾਂਦੇ ਹਨ, ਜੇ ਅਸੀਂ ਹੁਣ ਤਕ ਇਹ ਅਉਖਧ ਲਗਾਈ ਹੁੰਦੀ ਤਾਂ ਰੋਗ ਸਾਡੇ ਨੇੜੇ ਹੀ ਨਾ ਆਉਂਦਾ - 'ਲਲਾ ਲਾਵਉ ਅਉਖਧ ਜਾਹੂ॥ ਦੂਖ ਦਰਦ ਤਿਹ ਮਿਟਹਿ ਖਿਨਾਹੂ॥ ਨਾਮ ਅਉਖਧੁ ਜਿਹ ਰਿਦੈ ਹਿਤਾਵੈ॥ ਤਾਹਿ ਰੋਗੁ ਸੁਪਨੈ ਨਹੀ ਆਵੈ॥', ਅੰਕ ੨੬੫.

ਚੇਤੇ ਰਹੇ ਕਿ ਅਸਲ ਦੁਖ ਹੈ ਜਨਮ ਲੈਣਾ, ਜਿਸ ਨਾਲ ਮੌਤ ਆਦਿ ਹੋਰ ਕਈ ਦੁਖ ਚੰਬੜੇ ਹੋਏ ਹਨ। ਮਹਾਤਮਾ ਬੁਧ ਜੀ ਨੇ ਵੀ ਚਾਰ ਪਾਵਨ ਸਚਿਆਈਆਂ ਵਿਚ ਜਨਮ ਲੈਣ ਨੂੰ ਹੀ ਅਸਲ ਦੁਖ ਮੰਨਿਆ ਹੈ।

**ਰਾਮੁ ਜਪਹੁ ਮੇਰੀ ਸਖੀ ਸਖੈਨੀ॥**
**ਸਤਿਗੁਰੁ ਸੇਵਿ ਦੇਖਹੁ ਪ੍ਰਭੁ ਨੈਨੀ॥੧॥ਰਹਾਉ॥**

-- ਹੇ ਮੇਰੀ ਸਤਿ-ਸੰਗਣ ਸਖੀਓ ! ਪਰਮਾਤਮਾ ਦੇ ਨਾਮ ਦਾ ਸਿਮਰਣ ਕਰੋ ਅਤੇ ਇਸੇ ਤਰ੍ਹਾਂ ਗੁਰੂ ਦੀ ਸੇਵਾ ਕਰਦੇ ਹੋਏ, ਤੁਸੀਂ, ਪ੍ਰਭੂ ਨੂੰ ਨੈਣਾਂ ਨਾਲ ਵੇਖ ਲਵੋਗੀਆਂ।੧।ਰਹਾਉ।

ਸ੍ਰੀ ਗੁਰੂ ਨਾਨਕ ਸਾਹਿਬ, ਅੰਕ ੨੪੨ ਤੇ, ਉਪਦੇਸ਼ ਕਰਦੇ ਹਨ ਕਿ 'ਹੇ ਸਖੀਓ ! ਆਉ, ਰਲ ਕੇ ਉਸ ਪਿਆਰੇ ਪ੍ਰਭੂ ਨੂੰ ਮਾਣੀਏ, ਭਾਵ, ਨਾਮ ਜਪ ਕੇ ਉਸ ਵਿਚ ਸਮਾ ਜਾਈਏ' - 'ਮਿਲ ਸਖੀ ਸਹੇਲੀਹੋ ਹਮ ਪਿਰੁ ਰਾਵੇਹਾ॥' ਸ੍ਰੀ ਗੁਰੂ ਰਾਮਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਗੁਰਮੰਤਰ ਰੂਪੀ ਔਸ਼ਧੀ, ਜੋ ਗੁਰੂ ਨੇ ਬਖ਼ਸ਼ੀ ਹੈ, ਉਸਦਾ, 'ਹਰਿ ਹਰਿ' **ਵਾਹਗੁਰੂ ਵਾਹਗੁਰੂ..** ਜਾਪ ਜਪ ਕੇ, ਆਪਣਾ ਪਾਰ ਉਤਾਰਾ ਕਰਵਾਈਏ। ਇੰਵ, ਆਓ ਸਤਿਸੰਗਣ ਸਖੀਓ ! ਹਰੀ ਪ੍ਰਭੂ ਨਾਲ ਮੇਲ ਕਰੀਏ - 'ਆਉ ਸਖੀ ਹਰਿ ਮੇਲ ਕਰੇਹਾ॥ ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ॥..ਮੈ ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ ਮੈ **ਹਰਿ ਹਰਿ** ਨਾਮਿ ਉਧਰੀਐ ਜੀਉ॥', ਪੰਨਾ ੯੫. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਉਹੀ ਜੀਵ ਇਸਤਰੀ ਸੋਹਾਗਣ, ਗੁਰਮੁਖ ਹੈ ਜਿਸਨੇ ਪ੍ਰਭੂ ਦੀ ਪਛਾਣ ਕਰ ਲਈ ਹੈ, ਆਪਣਾ ਮਾਣ ਛਡ ਕੇ, ਉਸਦਾ ਹੁਕਮ ਮੰਨਿਆ ਹੈ। ਪ੍ਰਭੂ ਨੂੰ ਮਿਲਣ ਦੀ ਇਕ ਸ਼ਰਤ ਹੈ ਕਿ ਦੁਨੀਆਂ, ਭਾਵ, ਨਾਤੇਦਾਰੀਆਂ ਦੀ ਲਾਜ ਤਿਆਗ ਕੇ, ਗੁਰੂ ਨੂੰ ਮਨ ਤਨ ਅਰਪਣ ਕਰਨਾ, ਤਾਂ ਹੀ ਇਸ ਜੀਵਨ ਦੀ ਰਾਤ ਵਿਚ, ਉਸ ਨਾਲ ਮਿਲਾਪ ਦਾ ਅਨੰਦ ਮਾਣਿਆ ਜਾ ਸਕਦਾ ਹੈ - 'ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ॥ ਮਾਨੈ ਹੁਕਮੁ ਤਜੈ ਅਭਿਮਾਨੈ॥ ਪ੍ਰਿਅ ਸਿਉ ਰਾਤੀ ਰਲੀਆ ਮਾਨੈ॥..ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ॥ ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ॥' ਅੰਕ ੭੩੭.

ਭਾਈ ਲਹਿਣਾ ਜੀ ਨੇ ਗੁਰੂ ਦੀ ਸੇਵਾ ਕੀਤੀ ਅਤੇ ਨਾਮ ਜਪਿਆ। ਇਹੀ ਕੰਮ ਬਾਬਾ ਅਮਰਦਾਸ ਜੀ ਅਤੇ ਭਾਈ ਜੇਠਾ ਜੀ ਨੇ ਵੀ ਕਰ ਕੇ ਸਾਡੇ ਲਈ ਪੂਰਨੇ ਪਾਏ। ਇਨ੍ਹਾਂ ਮਹਾਪੁਰਖਾਂ ਨੇ, ਲੋਕ ਲਾਜ, ਪੂਰੀ ਤਰ੍ਹਾਂ ਤਿਆਗ ਦਿਤੀ ਸੀ। ਆਪੋ ਆਪਣੇ ਪਰਿਵਾਰਾਂ ਵਲ ਪਿਛੇ ਮੁੜ ਕੇ ਕਦੇ ਨਹੀਂ ਤਕਿਆ। ਦੁਨੀਆਂ ਨੇ ਇਨ੍ਹਾਂ ਨੂੰ ਘਰੇਲੂ ਦਾਸ, ਨਿਥਾਵਾਂ ਤਕ ਜਾਣਿਆਂ ਹੋਇਆ ਸੀ। ਇਨ੍ਹਾਂ ਦੇ ਜਿਤਨਾ, ਗੁਰੂ ਨੂੰ ਸਮੱਰਪਤ ਕੋਈ ਨਹੀਂ ਹੋ ਸਕਦਾ। ਇਨ੍ਹਾਂ ਨੇ 'ਮਨੁ ਤਨੁ ਅਰਪ ਤਜਿ ਲਾਜ ਲੋਕਾਨੀ' ਨੂੰ ਦ੍ਰਿੜ੍ਹ ਕਰ ਕੇ ਵਿਖਾ ਦਿਤਾ ਤਾਂ ਹੀ ਬਾਬਾ ਜੀ ਦੀ **ਗੁਰ-ਜੋਤਿ** ਦੇ ਵਾਰਿਸ ਬਣੇ।

**ਬੰਧਨ ਮਾਤ ਪਿਤਾ ਸੰਸਾਰਿ॥**
**ਬੰਧਨ ਸੁਤ ਕੰਨਿਆ ਅਰੁ ਨਾਰਿ॥੨॥**

-- ਸਿਮਰਨ ਤੇ ਸਾਧੂ ਦੀ ਸੇਵਾ ਤੋਂ ਬਿਨਾਂ ਬਾਕੀ ਸਭ, ਮਾਤਾ, ਪਿਤਾ ਅਤੇ ਸੰਸਾਰ ਦਾ ਮੋਹ ਆਦਿ, ਤਾਂ ਆਵਾਗਮਨ ਰੂਪੀ ਬੰਧਨ ਦਾ ਕਾਰਣ ਬਣਦੇ ਹਨ।

-- ਪੁਤਰ, ਧੀ ਅਤੇ ਘਰ ਵਾਲੀ ਆਦਿ ਰਿਸ਼ਤਿਆਂ ਦਾ ਮੋਹ, ਬੰਧਨ ਦਾ ਹੀ ਮੂਲ ਹਨ।੨।

ਕਿਉਂਕਿ ਹਰ ਰਿਸ਼ਤੇ ਨਾਲ '**ਮੈਂ**' ਜੁੜੀ ਹੋਈ ਹੈ, ਜੋ ਹਉਮੈ ਹੈ, ਇਸ ਕਰਕੇ ਇਹ ਰਿਸ਼ਤੇ ਬੰਧਨ ਦਾ ਮੂਲ ਹਨ। ਸ੍ਰੀ ਗੁਰੂ ਨਾਨਕ ਸਾਹਿਬ, ੪੬੬ ਪੰਨੇ ਤੇ ਇੰਵ ਫ਼ੁਰਮਾਣ ਕਰਦੇ ਹਨ - 'ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥' ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨ ਹਨ ਕਿ ਪੁਤਰ ਇਸਤਰੀ ਆਦਿ ਦੀ ਮਮਤਾ ਤੇ ਮੋਹ, ਬੰਧਨ ਹਨ, ਮਾਇਆ ਦੀਆਂ ਜੰਜੀਰਾਂ ਹਨ - 'ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧ॥ ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ॥', ਪੰਨਾ ੫੫੧.

ਸ੍ਰੀ ਗੁਰੂ ਅਰਜਨ ਸਾਹਿਬ ਨੇ ਵੀ, ਪੰਨਾ ੧੧੪੭ ਤੇ, ਮਾਤਾ ਪਿਤਾ ਪੁਤਰ ਇਸਤਰੀ ਦੇ ਮੋਹ ਨੂੰ ਬੰਧਨ ਦਸਿਆ ਹੈ - 'ਬੰਧਨ ਮਾਤ ਪਿਤਾ ਸੁਤ ਬਨਿਤਾ॥' ਪੰਨਾ ੧੩੫੩ ਤੇ ਫ਼ੁਰਮਾਣ ਕਰਦੇ ਹਨ ਕਿ 'ਕੀ ਮਾਤਾ ਪਿਤਾ, ਕੀ ਇਸਤਰੀ ਅਤੇ ਪੁਤਰਾਂ ਨਾਲ ਮੌਜ-ਮਸਤੀ, ਕੀ ਭਰਾ, ਮਿਤਰ ਅਤੇ ਸਾਰੇ ਖਾਨਦਾਨ ਦਾ ਮੋਹ; ਕੀ ਹੈ ਮਨ ਨੂੰ ਮੋਹ ਲੈਣ ਵਾਲੇ ਖਿਚ ਪਾਉਣ ਵਾਲੇ ਸੁੰਦਰ ਰੂਪਾਂ ਆਦਿ ਦੀ ਇਹ ਸਾਰੀ ਚੰਚਲ ਮੋਹ ਮਾਇਆ, ਇਹ ਸਭ ਕੁਝ ਸਾਡੇ ਵੇਖਦਿਆਂ ਵੇਖਦਿਆਂ ਸਾਥ ਛਡ ਜਾਂਦੇ ਹਨ। **ਨਾਲ ਰਹਿਣਾ ਹੈ ਤਾਂ ਪਰਮਾਤਮਾ ਦਾ ਸਿਮਰਣ, ਅਤੇ ਉਹ ਮਿਲਦਾ ਹੈ, ਸਿਰਫ਼ ਸੰਤ ਜਨਾਂ ਤੋਂ**' - 'ਕਤੰਚ ਮਾਤਾ ਕਤੰਚ ਪਿਤਾ ਕਤੰਚ ਬਨਿਤਾ ਬਿਨੋਦ ਸੁਤਹ॥ ਕਤੰਚ ਭ੍ਰਾਤ ਮੀਤ ਹਿਤ ਬੰਧਵ ਕਤੰਚ ਮੋਹ ਕੁਟੰਬ੍ਯ੍ਯਤੇ॥ ਕਤੰਚ ਚਪਲ ਮੋਹਨੀ ਰੂਪੰ ਪੇਖੰਤੇ ਤਿਆਗੰ ਕਰੋਤਿ॥ ਰਹੰਤ ਸੰਗ ਭਗਵਾਨ ਸਿਮਰਣ ਨਾਨਕ ਲਬਧ੍ਯ੍ਯੰ ਅਚੁਤ ਤਨਹ॥', 'ਅਚੁਤ ਤਨਹ' ਦਾ ਅਰਥ ਹੈ **ਅਬਿਨਾਸੀ ਵਾਹਗੁਰੂ** ਦੇ **ਪੁਤਰ**, ਭਾਵ ਸੰਤ ਭਗਤ ਜਨ।

**ਬੰਧਨ ਕਰਮ ਧਰਮ ਹਉ ਕੀਆ॥**
**ਬੰਧਨ ਪੁਤੁ ਕਲਤੁ ਮਨਿ ਬੀਆ॥੩॥**

-- ਧਰਮਾਂ ਨਾਲ ਜੁੜੇ ਸਭ ਕਰਮ, ਹਉਮੈ ਪੈਦਾ ਕਰਦੇ ਅਤੇ ਬੰਧਨ ਦਾ ਮੂਲ ਹਨ। ਸ੍ਰੀ ਗੁਰੂ ਨਾਨਕ ਸਾਹਿਬ ਨੇ ਧਾਰਮਕ ਸ਼ਰ੍ਹਾ, ਮਰਿਆਦਾਵਾਂ ਆਦਿ ਤੋਂ ਪੈਦਾ ਹੋਏ ਕਰਮਾਂ ਨੂੰ, ਭਵਸਾਗਰ ਤੋਂ ਪਾਰ ਕਰਣ ਦੇ ਸਮਰੱਥ ਨਹੀਂ ਮੰਨਿਆ - 'ਸਰੈ ਸਰੀਅਤਿ ਕਰਹਿ ਬੀਚਾਰੁ॥ ਬਿਨੁ ਬੂਝੇ ਕੈਸੇ ਪਾਵਹਿ ਪਾਰ॥', ਅੰਕ ੮੪.

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਫ਼ੋਕਟ ਧਰਮ ਕਰਮਾਂ ਨੂੰ ਪਖੰਡ ਕਿਹਾ ਹੈ ਅਤੇ ਪੰਨਾ ੭੪੭ ਤੇ ਫ਼ੁਰਮਾਣ ਕਰਦੇ ਹਨ ਕਿ ਇਨ੍ਹਾਂ ਨੂੰ ਤਾਂ ਮਸੂਲੀਆ, ਜਮ ਲੁਟ ਲਏਗਾ। ਲਗਾਤਾਰ ਨਿਰਮਲ ਸਿਮਰਣ ਹੀ ਇਕੋ ਇਕ ਉਪਾਅ ਹੈ ਛੁਟਣ ਦਾ - 'ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥ ਨਿਰਬਾਣ ਕੀਰਤਨ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥' ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਹਰੀ ਦੇ ਸਿਮਰਣ ਤੋਂ ਬਿਨਾਂ ਹੋਰ ਕ੍ਰੋੜਾਂ ਕਰਮ, ਬੰਧਨ ਦਾ ਕਾਰਣ ਹੁੰਦੇ ਹਨ ਅਤੇ ਸਿਰ ਉਤੇ ਵਿਅਰਥ ਦੇ ਭਾਰ ਦੀ ਪੰਡ ਹਨ - 'ਕੋਟਿ ਕਰਮ

ਬੰਧਨ ਕਾ ਮੂਲੁ॥ ਹਰਿ ਕੇ ਭਜਨ ਬਿਨੁ ਬਿਰਥਾ ਪੂਲੁ॥', ਪੰਨਾ ੧੧੪੯. ਜੇ ਪ੍ਰਭੂ ਦੇ ਨਾਮ ਨਾਲ ਪ੍ਰੀਤੀ ਨਹੀਂ ਲਗਾਈ, ਭਾਵ, ਸਿਮਰਣ ਨਹੀਂ ਕੀਤਾ ਤਾਂ ਬੇਸ਼ੱਕ ਕ੍ਰੋੜਾਂ ਚੰਗੇ ਕਰਮ ਕੀਤੇ ਹੋਣ, ਨਰਕ ਹੀ ਜਾਣਾ ਪੈਣਾ ਹੈ - 'ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ॥ ਕੋਟਿ ਕਰਮ ਕਰਤੋ ਨਰਕ ਜਾਵੈ॥', ਪੰਨਾ ੨੪੦. ਕਾਰਣ ਇਹ ਹੈ ਕਿ ਸਾਰੇ ਕੀਤੇ ਚੰਗੇ ਕਰਮ, ਹਉਮੈ ਪੈਦਾ ਕਰਦੇ ਹਨ ਜੋ ਬੰਧਨ ਦਾ ਮੂਲ ਹੈ। ਇਹੀ ਪਾਤਸ਼ਾਹ ਨੇ, ਪੰਨਾ ੧੧੪੭ ਤੇ ਫ਼ੁਰਮਾਣ ਕੀਤਾ ਹੈ - 'ਬੰਧਨ ਕਰਮ ਧਰਮ ਹਉ ਕਰਤਾ॥'

ਭਗਤ ਕਬੀਰ ਜੀ ਨੇ ਧਰਮ ਕਰਮਾਂ ਅਤੇ ਸੰਜਮਾਂ ਨਾਲ ਉਪਜਣ ਵਾਲੀ ਹਉਮੈ ਤੇ ਸੱਟ ਮਾਰੀ ਹੈ। ਉਨ੍ਹਾਂ ਦੇ ਬਚਨ ਹਨ ਕਿ ਇਨ੍ਹਾਂ ਨਾਲ ਪੈਦਾ ਹੋਈ ਹਉਮੈ, ਮਨੁਖੀ ਮਨ ਨੂੰ ਸਾੜ ਦਿੰਦੀ ਹੈ - 'ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ॥', ਅੰਕ ੩੩੫.

-- ਗੁਰੂ ਪ੍ਰੇਮ ਤੋਂ ਬਿਨਾਂ, ਹੋਰ ਕੋਈ ਵੀ, ਪੁਤਰ ਅਤੇ ਪਤਨੀ ਆਦਿ ਦਾ, ਦੂਜਾ ('ਬੀਆ') ਪ੍ਰੇਮ, ਬੰਧਨ ਦਾ ਹੀ ਕਾਰਣ ਹੈ।੩।

ਇਸੇ ਕਰਕੇ ਜੇ ਕੋਈ ਆਪਣਾ ਅਗਲਾ ਘਰ (ਛਾਨਿ) ਪ੍ਰਭੂ ਤੋਂ ਬਣਵਾਉਣਾ ਚਾਹੁੰਦਾ ਹੈ ਤਾਂ, ਭਗਤ ਨਾਮਦੇਵ ਜੀ ਨੇ ਦਸਿਆ ਹੈ ਕਿ ਸਿਰਫ਼ ਪ੍ਰਭੂ ਨੂੰ ਪ੍ਰੇਮ ਰੂਪੀ ਮਜ਼ਦੂਰੀ ਦੇਣ ਦੇ ਨਾਲ, ਕੁਟੰਬ ਅਤੇ ਹੋਰਨਾਂ ਨਾਲ ਪ੍ਰੀਤ ਤੋੜਨ ਲਈਏ ਤਾਂ ਪ੍ਰਭੂ ਆਪ ਹੀ ਆ ਜਾਂਦਾ ਹੈ - 'ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥ ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥' ਮਹਾਤਮਾ ਜੀਸਸ ਨੇ ਤਾਂ ਸਾਫ਼ ਸ਼ਬਦਾਂ ਵਿਚ ਹੀ ਕਹਿ ਦਿਤਾ ਕਿ ਜੋ ਮੇਰੇ ਨਾਲੋਂ, ਆਪਣੇ ਪਿਤਾ, ਆਪਣੀ ਮਾਤਾ, ਆਪਣੀ ਪਤਨੀ ਆਦਿ ਨਾਲ ਵਧ ਪ੍ਰੇਮ ਕਰਦਾ ਹੈ, ਉਹ ਮੇਰੇ ਜੋਗ ਨਹੀਂ - ਮਤੀ 10:34-40 (Matthew 10:34-40 New Testament).

**ਬੰਧਨ ਕਿਰਖੀ ਕਰਹਿ ਕਿਰਸਾਨ॥**
**ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ॥੪॥**

-- ਕਿਰਸਾਣੀ ਆਦਿ ਕਿਰਤ ਵੀ ਹਉਮੈ ਪੈਦਾ ਕਰਨ ਕਰ ਕੇ ਬੰਧਨ ਦਾ ਮੂਲ ਬਣ ਜਾਂਦੀ ਹੈ।

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ, ਪੰਨਾ ੩੦੬ ਤੇ ਅੰਕਤ ਉਪਦੇਸ਼ ਅਨੁਸਾਰ, ਕਿਰਸਾਣੀ ਆਦਿ ਕਿਰਤ ਕਰ ਕੇ ਮਨੁਖ ਇਹ ਨਾ ਸਮਝੇ ਕਿ ਉਹ ਆਪਣੀ ਮਿਹਨਤ ਨਾਲ ਆਪ ਖਾ ਰਿਹਾ ਹੈ ਅਤੇ ਆਪਣੇ ਪਰਿਵਾਰ ਜਾਂ ਹੋਰਨਾਂ ਨੂੰ ਖੁਆ ਰਿਹਾ ਹੈ। ਕਿਸਾਨ ਕਿਰਸਾਨੀ ਕਰ ਕੇ ਇਹ ਸੋਚਦਾ ਹੈ ਕਿ ਉਹ ਫ਼ਸਲ ਪੈਦਾ ਕਰਦਾ ਹੈ ਤਾਂ ਦੁਨੀਆਂ ਨੂੰ ਅੰਨ ਪ੍ਰਾਪਤ ਹੁੰਦਾ ਹੈ, ਤਾਂ ਹੀ ਲੋਕ ਆਪਣਾ ਪੇਟ ਭਰਦੇ ਹਨ। ਇਹ ਉਸਦੀ ਹਉਮੈ ਹੈ। ਦਰਅਸਲ ਦੁਨੀਆਂ ਨੂੰ, ਅਸੰਖ ਕਰੋੜਾਂ ਦੁਨੀਆਂ ਨੂੰ ਸੰਤਾਂ ਮਹਾਤਮਾਵਾਂ ਦੀ ਕੀਤੀ ਨਾਮ ਦੀ ਕਮਾਈ ਕਰਕੇ ਰਿਜ਼ਕ ਦੀ ਪ੍ਰਾਪਤੀ ਹੁੰਦੀ ਹੈ - 'ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤ ਖਾਹਿ ਅਸੰਖ ਕਰੋੜੇ॥'

-- ਰਾਜਾ, ਹਉਮੈ ਵਿਚ, ਵਾਧੂ ਟੈਕਸ ਲੈਣ ਕਰ ਕੇ ਆਵਾਗਮਨ ਦੇ ਬੰਧਨ ਵਿਚ ਪੈਣ ਦਾ ਦੰਡ ਭੁਗਤਦਾ ਹੈ।੪।

ਹਰ ਮਨੁਖ ਨੂੰ ਆਪਣੀ ਉਪਜੀਵਕਾ ਵਿਚੋਂ, ਰਾਜੇ ਨੂੰ ਟੈਕਸ ਰੂਪ ਵਿਚ ਰਕਮ ਤਾਰ ਕੇ, ਉਸ ਦੇ ਹੰਕਾਰ ਤੋਂ ਬਚਣਾ ਪੈਂਦਾ ਹੈ, ਨਹੀਂ ਤਾਂ ਉਸ ਨੂੰ ਰਾਜੇ ਵਲੋਂ ਦਿਤਾ ਦੰਡ ਭੋਗਣਾ ਪੈਂਦਾ ਹੈ। ਇਸ ਪਰਥਾਇੰ ਸ੍ਰੀ ਗੁਰੂ ਨਾਨਕ ਸਾਹਿਬ ਦੇ, ੧੪੩ ਪੰਨੇ ਤੇ ਬਚਨ ਹਨ - 'ਰਾਜਾ ਮੰਗੈ ਦਿਤੈ

ਗੰਢੁ ਪਾਇ॥' ਭਗਤ ਕਬੀਰ ਜੀ ਸਚਾਈ ਬਿਆਨ ਕਰਦੇ ਹਨ ਕਿ ਰਾਜੇ, ਧਨ ਇਕੱਠਾ ਕਰਦੇ ਕਰਦੇ ਮਰ ਜਾਂਦੇ ਹਨ, ਸੋਨੇ ਆਦਿ ਪਦਾਰਥਾਂ ਦਾ ਢੇਰ ਲਾ ਲੈਂਦੇ ਹਨ - 'ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ॥', ਅੰਕ ੬੫੪.

**ਬੰਧਨ ਸਉਦਾ ਅਣਵੀਚਾਰੀ ॥**
**ਤਿਪਤਿ ਨਾਹੀ ਮਾਇਆ ਮੋਹ ਪਸਾਰੀ ॥੫॥**

-- ਗੁਰ ਸੇਵਾ ਅਤੇ ਨਾਮ ਸਿਮਰਨ ਤੋਂ ਵਿਹੂਣੇ ਸਾਰੇ ਕੰਮਾਂ ਵਾਂਗ ਵਣਜ ਵਪਾਰ ਵੀ ਬੰਧਨ ਦਾ ਮੂਲ ਬਣਦਾ ਹੈ। ਮਾਇਆ ਕਮਾਈ ਜਾਣ ਵਿਚ ਤ੍ਰਿਪਤੀ ਤਾਂ ਮਿਲਦੀ ਨਹੀਂ, ਮਾਇਆ ਮੋਹ ਦਾ ਪਸਾਰਾ ਵਧਦਾ ਜਾਂਦਾ ਹੈ।੫।

ਪੰਜਵੇਂ ਪਾਤਸ਼ਾਹ, ਸੁਖਮਨੀ ਸਾਹਿਬ ਵਿਚ ਫ਼ੁਰਮਾਣ ਕਰਦੇ ਹਨ ਕਿ ਵਪਾਰ ਜਾਂ ਕਿਸੇ ਵਿਚ ਲਗਿਆ ਵਿਅਕਤੀ, ਵਧ ਤੋਂ ਵਧ ਧਨ ਕਮਾਉਣ ਵਿਚ ਲਗਿਆ ਰਹਿੰਦਾ ਹੈ, ਜਿਸ ਨਾਲ ਉਸ ਦੀ ਹਉਮੈ ਵਧਦੀ ਜਾਂਦੀ ਹੈ, ਤ੍ਰਿਪਤੀ ਕਦੇ ਨਹੀਂ ਮਿਲਦੀ - 'ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀਵ ਨੂੰ ਸੁਚੇਤ ਕਰਦੇ ਹਨ ਕਿ ਇਸ ਤਰ੍ਹਾਂ ਧਨ ਜੋੜਨ ਦੀ ਹੋੜ ਵਿਚ ਲਗ ਕੇ ਮੁਕਤੀ ਦਾ ਰਾਹ ਭੁਲ ਬੈਠਦਾ ਹੈ ਅਤੇ ਇਹ ਧਨ, ਸਾਥ ਤਾਂ ਨਿਭਾਉਂਦਾ ਨਹੀਂ, ਮਨੁਖ ਖਾਹਮਖਾਹ ਆਪਣੇ ਆਪ ਨੂੰ ਜਮਾਂ ਦੀ ਫ਼ਾਹੀ ਵਿਚ ਬੰਨ੍ਹਵਾ ਲੈਂਦਾ ਹੈ - 'ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ॥ ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ॥', ਅੰਕ ੬੩੧.

**ਬੰਧਨ ਸਾਹ ਸੰਚਹਿ ਧਨੁ ਜਾਇ॥**
**ਬਿਨੁ ਹਰਿ ਭਗਤਿ ਨ ਪਵਈ ਥਾਇ॥੬॥**

-- ਇੰਵ ਹੀ ਸ਼ਾਹੂਕਾਰ, ਧਨ ਸੰਚਿਤ ਕਰ ਕੇ, ਬੰਧਨ ਵਿਚ ਬਝ ਜਾਂਦਾ ਹੈ। ਪ੍ਰਭੂ ਦੇ ਸਿਮਰਣ ਤੋਂ ਬਿਨਾਂ ਮਨੁਖ ਦੀ ਕੋਈ ਵੀ ਘਾਲਣਾ, ਬੰਧਨ ਦਾ ਮੂਲ ਹੈ ਅਤੇ ਥਾਂ ਨਹੀਂ ਪੈਂਦੀ।੬।

ਸ਼ਾਹੂਕਾਰ ਪੈਸਾ ਇਕੱਠਾ ਕਰਣ ਤੇ ਲਗਿਆ ਰਹਿੰਦਾ ਹੈ ਅਤੇ ਇਸੇ ਵਿਚ ਆਪਣਾ ਜੀਵਨ ਬਰਬਾਦ ਕਰ ਲੈਂਦਾ ਹੈ। ਭਗਤ ਕਬੀਰ ਜੀ, ਬੜੇ ਕਟਾਖਮਈ ਢੰਗ ਨਾਲ ਕੰਜੂਸ ਸ਼ਾਹੂਕਾਰ ਬਾਰੇ ਦਸ ਰਹੇ ਹਨ ਕਿ ਪਰਮੇਸ਼ਰ, ਉਸ ਕੰਜੂਸ ਨੂੰ ਪੈਸਾ ਸਾਂਭ ਕੇ ਰਖਣ ਨੂੰ ਦਿਤਾ ਸੀ, ਪਰ ਉਹ ਮਾਲਕ ਬਣ ਬੈਠਾ। ਜਦੋਂ ਸਿਰ ਤੇ ਜਮ ਦਾ ਡੰਡਾ ਪਏਗਾ, ਇਕ ਖਿੰਨ ਵਿਚ ਨਿਬੇੜਾ ਕਰ ਦਏਗਾ - 'ਸੂਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ॥ ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ॥', ਪੰਨਾ ੪੭੯.

ਸਭ ਪਾਸੇ ਬੰਧਨ ਦੇ ਸਾਧਨ ਜੁੜੇ ਵੇਖ ਕੇ, ਅੰਤ ਨਤੀਜਾ ਇਹ ਨਿਕਲਦਾ ਹੈ ਕਿ ਰਾਮ ਨਾਮ ਜਪੇ ਤੋਂ ਬਿਨਾਂ ਸਭ ਖ਼ੁਆਰ ਹੋ ਰਹੇ ਹਨ, ਹਰੀ ਦੇ ਨਾਮ ਨੂੰ ਜਪਣ ਤੋਂ ਬਿਨਾਂ ਕਿਸਨੇ ਪਰਮ ਗਤੀ ਪ੍ਰਾਪਤ ਕੀਤੀ ਹੈ ! ਭਾਵ, ਕਿਸੇ ਨੇ ਨਹੀਂ ਕੀਤੀ। ਭਗਤ ਕਬੀਰ ਜੀ ਇੰਵ ਉਪਦੇਸ਼ ਕਰਦੇ ਹਨ - 'ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ॥ ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ ਕਹਿ ਉਪਦੇਸੁ ਕਬੀਰਾ॥', ਅੰਕ ੬੫੪.

**ਬੰਧਨ ਬੇਦੁ ਬਾਦੁ ਅਹੰਕਾਰ ॥**
**ਬੰਧਨਿ ਬਿਨਸੈ ਮੋਹ ਵਿਕਾਰ ॥੭॥**

-- ਧਰਮ ਗ੍ਰੰਥਾਂ ਦਾ ਅਧਿਐਨ/ਪਾਠ/ਗਿਆਨ ਆਦਿ ਅਤੇ ਵਾਦ ਵਿਵਾਦ, ਹੰਕਾਰ

ਪੈਦਾ ਕਰਨ ਕਰਕੇ ਬੰਧਨ ਵਿਚ ਪਾਉਂਦੇ ਹਨ। ਇੰਞ, ਮੋਹ ਅਤੇ ਹੰਕਾਰ ਆਦਿ ਹੋਰ ਵਿਕਾਰਾਂ ਦੇ ਬੰਧਨਾਂ ਵਿਚ ਹੀ ਮਨੁਖ ਦਾ ਵਿਨਾਸ ਹੋ ਜਾਂਦਾ ਹੈ।੭। ਸ੍ਰੀ ਗੁਰੂ ਨਾਨਕ ਸਾਹਿਬ ਦਾ ਫੁਰਮਾਣ ਹੈ - 'ਬੇਦ ਪਾਠ ਸੰਸਾਰ ਕੀ ਕਾਰ॥ ਪੜਿ ਪੜਿ ਪੰਡਿਤ ਕਰਹਿ ਬੀਚਾਰ॥ ਬਿਨੁ ਬੂਝੇ ਸਭ ਹੋਇ ਖੁਆਰ॥', ਪੰਨਾ ੭੯੧.

ਭਗਤ ਕਬੀਰ ਜੀ ਫੁਰਮਾਣ ਕਰਦੇ ਹਨ ਕਿ ਮੈਂ ਸਮਝਿਆ ਕਿ ਧਰਮ ਗ੍ਰੰਥਾਂ ਦਾ ਪਾਠ ਕਰਨਾ ਭਲਾ ਕਰਮ ਹੈ ਪਰ ਨਹੀਂ, ਪੜਨ ਨਾਲੋਂ ਤਾਂ ਸਿਮਰਨ ਰਾਹੀਂ ਪ੍ਰਭੂ ਚਰਨਾਂ ਵਿਚ ਜੁੜਨਾ ਹੀ ਬਿਹਤਰ ਹੈ। ਧਰਮ ਗ੍ਰੰਥਾਂ ਦਾ ਪਾਠ/ਅਧਿਐਨ ਨਾ ਕਰਨ ਕਰਕੇ ਲੋਕ ਭਾਵੇਂ ਮੈਨੂੰ ਅਨਪੜ੍ਹ ਮੂਰਖ ਹੀ ਸਮਝਣ ਮੈਂ ਤਾਂ ਰਾਮ ਪ੍ਰਭੂ ਦੀ ਭਗਤੀ, ਸਿਮਰਨ ਨਹੀਂ ਛਡਣਾ - 'ਕਬੀਰ ਮੈ ਜਾਨਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ॥ ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ॥', ਪੰਨਾ ੧੩੬੬. ਤਾਂ ਹੀ ਤਾਂ ਬ੍ਰਾਹਮਣ ਦੇ ਵੇਦਾਂ ਗਾਇਤ੍ਰੀ ਆਦਿ ਧਰਮ ਗ੍ਰੰਥਾਂ ਦੇ ਪਾਠ ਨੂੰ ਪ੍ਰਭੂ ਪ੍ਰਾਪਤੀ ਦਾ ਸਾਧਨ ਨਹੀਂ ਮੰਨਦੇ ਅਤੇ ਕਟਾਖ ਕਰਦੇ ਹੋਏ ਬਚਨ ਕਰਦੇ ਹਨ ਕਿ 'ਹੇ ਬ੍ਰਾਹਮਣ ! ਵੇਦਾਂ, ਗਾਇਤ੍ਰੀ ਆਦਿ ਧਰਮ ਗ੍ਰੰਥਾਂ ਦੇ ਪਾਠ, ਵਿਆਖਿਆ ਕਰਦਾ ਤੂੰ ਥਕਦਾ ਨਹੀਂ, ਮੈਂ ਤਾਂ ਇਹ ਸਭ ਕੁਝ ਨਹੀਂ ਕਰਦਾ, ਪਰ ਸਿਮਰਨ ਨਾਲ ਜੁੜੇ ਹੋਣ ਕਰਕੇ ਪ੍ਰਭੂ ਤਾਂ ਮੇਰੇ ਹਿਰਦੇ ਵਿਚ ਵਸਦਾ ਹੈ, ਤੇਰੇ ਪਲੇ ਤਾਂ ਕਖ ਨਹੀਂ' - 'ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ॥', ਕਿਉਂਕਿ ਮੇਰੀ ਜਿਹਵਾ ਤੇ, ਨੈਣਾਂ ਵਿਚ, ਹਿਰਦੇ ਵਿਚ ਸਿਰਫ਼ 'ਬਿਸਨੁ', 'ਨਾਰਾਇਨ', 'ਗੋਬਿੰਦ' ਪ੍ਰਭੂ ਦੀ ਹੀ ਭਗਤੀ ਵਸਦੀ ਹੈ - 'ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ ਹਿਰਦੈ ਬਸਹਿ ਗੋਬਿੰਦਾ॥' ਧਿਆਨ ਰਹੇ ਕਿ ਇਥੇ 'ਬਿਸਨੁ', 'ਨਾਰਾਇਨ', 'ਗੋਬਿੰਦ' ਸ਼ਬਦ ਅਕਾਲ ਪੁਰਖ ਲਈ ਹੀ ਵਰਤੇ ਗਏ ਹਨ। ਇਹੀ ਭਗਤ ਨਾਮਦੇਵ ਜੀ ਵੀ ਫੁਰਮਾਣ ਕਰਦੇ ਹਨ ਕਿ ਪੰਡਿਤ, ਧਰਮ ਗ੍ਰੰਥਾਂ ਦੇ ਪਾਠ-ਪਠਨ ਵਿਚ ਫ਼ਸਿਆ ਰਿਹਾ, ਪਰ ਉਸ ਅਨੁਸਾਰ ਮੂਰਖ ਕਿਹਾ ਜਾਣ ਵਾਲਾ ਨਾਮਦੇਵ, ਸਿਮਰਨ ਕਰਕੇ ਰਾਮ ਨੂੰ ਪਾ ਗਿਆ - 'ਪੰਡਿਤੁ ਹੋਇ ਕੈ ਬੇਦੁ ਬਖਾਨੈ॥ ਮੂਰਖੁ ਨਾਮਦੇਉ ਰਾਮਹਿ ਜਾਨੈ॥', ਅੰਕ ੭੧੮.

**ਨਾਨਕ ਰਾਮ ਨਾਮ ਸਰਣਾਈ॥**
**ਸਤਿਗੁਰਿ ਰਾਖੇ ਬੰਧੁ ਨ ਪਾਈ॥੮॥੧੦॥**

-- ਜੋ ਮਨੁਖ ਗੁਰੂ ਦੀ ਆਗਿਆ ਅਨੁਸਾਰ ਪਰਮਾਤਮਾ ਦੀ ਸਰਣ ਲੈਕੇ ਨਾਮ ਜਪਦੇ ਹਨ ਤਾਂ ਸਚਾ ਗੁਰੂ ਉਨ੍ਹਾਂ ਦੀ ਰਖਿਆ ਕਰਦਾ ਹੈ ਅਤੇ ਆਵਾਗਮਨ ਦੇ ਬੰਧਨ ਵਿਚ ਨਹੀਂ ਪੈਣ ਦਿੰਦਾ।੮।੧੦।

ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ੫੫੧ ਪੰਨੇ ਤੇ ਇਹ ਸਲੋਕ, ਇਸ ਸ਼ਬਦ ਦਾ ਨਿਚੋੜ ਹੋ ਨਿਬੜਦਾ ਹੈ ਜਿਸ ਵਿਚ ਮਹਾਰਾਜ ਨੇ ਫੁਰਮਾਣ ਕੀਤਾ ਹੈ ਕਿ ਸਭ ਤਰ੍ਹਾਂ ਦੇ ਕਰਮ ਅਤੇ ਧਰਮ, ਬੰਧਨ ਹਨ। ਹਰ ਤਰ੍ਹਾਂ ਦੇ ਰਿਸ਼ਤੇ, ਚਾਹੇ ਉਹ ਪਤਨੀ ਦਾ ਹੋਵੇ ਜਾਂ ਪੁਤਰ ਦਾ, ਕਿਸੇ ਵੀ ਤਰ੍ਹਾਂ ਦੀ ਮਮਤਾ ਦਾ, ਇਹ ਸਭ ਮਾਇਆ ਦੇ ਬੰਧਨ ਹਨ। ਸਾਨੂੰ ਪਾਪ ਪੁੰਨ ਨਾਲ ਜੋੜਦੇ ਹਨ, ਜਿਧਰ ਵੇਖੀਏ ਇਹੀ ਸਭ ਮਾਇਆ ਦੀ ਫ਼ਾਹੀ ਹੀ ਮੌਜੂਦ ਹਨ। ਸਚੇ ਦੇ ਨਾਮ ਨੂੰ ਜਪੇ ਬਿਨਾਂ ਇਹ ਸਭ ਅੰਨ੍ਹੇਂ ਮਨੁਖ ਦਾ ਮਾਇਆ ਵਰਤਾਰਾ ਹੈ - 'ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧ॥ ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ॥ ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ॥ ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ॥' ਸ੍ਰੀ ਗੁਰੂ ਨਾਨਕ ਸਾਹਿਬ

ਨੇ, ੪੬੮ ਪੰਨੇ ਤੇ, ਆਸਾ ਕੀ ਵਾਰ ਵਿਚ ਵੀ ਅਜਿਹਾ ਹੀ ਇਸ਼ਾਰਾ ਕੀਤਾ ਹੈ - 'ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥ ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥ ਕਿਸ ਨਾਲਿ ਕੀਚੈ ਦੋਸਤੀ  ਸਭੁ ਜਗੁ ਚਲਣਹਾਰੁ॥'

ਅਸੀਂ ਵੀ ਇਸ ਸਾਰੇ ਦਿਸਦੇ ਜਗਤ ਵਿਚ ਰਹਿੰਦਿਆਂ ਹੋਇਆਂ ਇਸ ਦੇ ਮੋਹ ਤੋਂ ਬਚੀਏ। ਇਹ ਤਾਂ ਹੀ ਸੰਭਵ ਹੈ ਕਿ ਇਸ ਵਿਚ ਖਚਤ ਹੋਏ ਬਿਨਾਂ ਵਾਹਗੁਰੂ ਵਾਹਗੁਰੂ ਵਾਹਗੁਰੂ... ਸਿਮਰਨ ਨਾਲ ਜੁੜੀਏ ਤੇ ਸਾਡੀ ਵੀ ਇਹ ਅਵਸਥਾ ਬਣੇ - 'ਮੇਰੀ ਜਿਹਬਾ ਬਿਸਨੁ  ਨੈਨ ਨਾਰਾਇਨ  ਹਿਰਦੈ ਬਸਹਿ ਗੋਬਿੰਦਾ॥'

